ਸਸਤੀਆਂ ਹਵਾਈ ਟਿਕਟਾਂ 905-595-1700
ਵਕੀਲ ਦੀ ਲੋੜ ? 905-362-0755
Line of Credit Fix Bad Credit Get OSAP Loan 905-965-4644
Sher Atta $14.99 20LB 905-678-0300
ਮਰਦਾਨਾ ਕਮਜ਼ੋਰੀ 416-992-5489
Personal Loan Business Loan Home Line of Credit 905-965-4644
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

US Federal Reseve ਨੇ ਵਿਆਜ ਦਰਾਂ 'ਚ ਕੀਤੀ ਕਟੌਤੀ

ਵਾਸ਼ਿੰਗਟਨ: ਜਰੋਮ ਪੌਲ ਦੀ ਅਗਵਾਈ ਵਾਲੇ ਅਮਰੀਕੀ ਫ਼ੈਡਰਲ ਰੀਜ਼ਰਵ (US Fed Reserve) ਨੇ ਆਪਣੀ ਦੋ-ਰੋਜ਼ਾ ਨੀਤੀ ਮੀਟਿੰਗ ਤੋਂ ਬਾਅਦ ਵਿਆਜ ਦਰਾਂ 'ਚ 25 ਆਧਾਰ ਅੰਕ (Basis Points) ਦੀ ਕਟੌਤੀ ਦਾ ਐਲਾਨ ਕੀਤਾ ਹੈ। ਇਸ ਕਟੌਤੀ ਨਾਲ ਫ਼ੈਡਰਲ ਫ਼ੰਡ ਦਰਾਂ ਦੀ ਨਿਸ਼ਾਨਾ ਸੀਮਾ 3.75% ਤੋਂ 4.00% ਹੋ ਗਈ ਹੈ। ਫ਼ੈਡ ਦੀ ਫ਼ੈਡਰਲ ਓਪਨ ਮਾਰਕੀਟ ਕਮੇਟੀ (FOMC) ਨੇ ਆਪਣੇ ਅਧਿਕਾਰਿਕ ਬਿਆਨ 'ਚ ਕਿਹਾ ਕਿ ਇਹ ਕਦਮ ਆਪਣੇ ਟੀਚਿਆਂ ਦੇ ਸਮਰਥਨ 'ਚ ਅਤੇ ਖ਼ਤਰਿਆਂ ਦੇ ਸੰਤੁਲਨ 'ਚ ਤਬਦੀਲੀ ਦੇ ਮੱਦੇਨਜ਼ਰ ਲਿਆ ਗਿਆ ਹੈ।

ਮਹਿੰਗਾਈ ਦੇ ਬਾਵਜੂਦ ਕਟੌਤੀ: ਫ਼ੈਡ ਦਾ ਇਹ ਫ਼ੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਦੇਸ਼ 'ਚ ਖਪਤਕਾਰ ਮਹਿੰਗਾਈ (Consumer Inflation) ਦਾ ਪੱਧਰ ਉੱਚਾ ਬਣਿਆ ਹੋਇਆ ਹੈ। ਸਤੰਬਰ 2025 ਨੂੰ ਖ਼ਤਮ ਹੋਏ 12 ਮਹੀਨਿਆਂ 'ਚ CPI ਡੇਟਾ 3% ਤਕ ਵੱਧ ਗਿਆ

ਜੋ ਅਗਸਤ 2025 'ਚ 2.9% ਸੀ। ਮਾਹਿਰਾਂ ਨੇ ਪਹਿਲਾਂ ਹੀ 25 ਆਧਾਰ ਅੰਕ ਦੀ ਕਟੌਤੀ ਦੀ ਉਮੀਦ ਕੀਤੀ ਸੀ। ਇਹ ਕਟੌਤੀ ਕੁੱਝ ਹੱਦ ਤਕ ਉੱਚੀ ਮਹਿੰਗਾਈ ਦੇ ਪੱਧਰਾਂ ਅਤੇ ਲੇਬਰ ਮਾਰਕੀਟ 'ਚ ਕਮਜ਼ੋਰੀ ਦੇ ਬਾਵਜੂਦ ਅਮਰੀਕੀ ਅਰਥਵਿਵਸਥਾ ਦੇ ਵਿਕਾਸ ਨੂੰ ਸਮਰਥਨ ਦੇਣ ਦੇ ਯਤਨ ਵਜੋਂ ਕੀਤੀ ਗਈ ਹੈ।

ਫ਼ੈਡਰਲ ਰੀਜ਼ਰਵ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਭਵਿੱਖ 'ਚ ਪ੍ਰਮੁੱਖ ਵਿਆਜ ਦਰਾਂ ਦੇ ਰਸਤੇ ਬਾਰੇ ਫ਼ੈਸਲਾ ਕਰਨ ਲਈ ਉਹ ਹੁਣ ਅਮਰੀਕੀ ਅਰਥਵਿਵਸਥਾ 'ਚ ਖ਼ਤਰੇ ਦੇ ਸੰਤੁਲਨ, ਬਦਲਦੇ ਦ੍ਰਿਸ਼ਟੀਕੋਣ ਅਤੇ ਆਉਣ ਵਾਲੇ ਡੇਟਾ 'ਤੇ ਧਿਆਨ ਕੇਂਦ੍ਰਿਤ ਕਰੇਗਾ।

ਫ਼ੈੱਡ ਨੇ ਪਿਛਲੇ ਸਾਲ ਕਿੰਨੀ ਵਾਰ ਕੀਤੀ ਦਰਾਂ 'ਚ ਕਟੌਤੀ ? ਸਤੰਬਰ 2024 ਤੋਂ ਫ਼ੈਡਰਲ ਰੀਜ਼ਰਵ ਨੇ ਪੰਜ ਵਾਰ ਦਰਾਂ 'ਚ ਕਟੌਤੀ ਕੀਤੀ ਹੈ ਜਿਸ ਨਾਲ ਨੀਤੀਗਤ ਦਰ 'ਚ ਕੁੱਲ 1.50 ਪ੍ਰਤੀਸ਼ਤ ਅੰਕ ਦੀ ਕਮੀ ਆਈ। ਇਨ੍ਹਾਂ ਕਟੌਤੀਆਂ ਦੇ ਮੁੱਖ ਕਾਰਨ ਅਰਥਵਿਵਸਥਾ ਦਾ ਸੁਸਤ ਹੋਣਾ, ਵਧਦੀ ਬੇਰੁਜ਼ਗਾਰੀ ਅਤੇ ਟੀਚੇ ਤੋਂ ਉੱਪਰ ਰਹਿ ਰਹੀ ਮੁਦਰਾਸਫ਼ੀਤੀ ਹਨ।

300 KM ਦੀ ਰਫ਼ਤਾਰ ਵਾਲਾ ਸਦੀ ਦਾ ਸਭ ਤੋਂ ਤਾਕਤਵਰ ਤੂਫ਼ਾਨ

ਕਿੰਗਸਟਨ: ਕੈਰੇਬੀਆਈ ਦੇਸ਼ ਜਮੇਕਾ 'ਚ ਮੰਗਲਵਾਰ ਨੂੰ ਭਿਆਨਕ ਤੂਫ਼ਾਨ ਮਲਿਸਾ ਟਕਰਾਇਆ। ਇਸ ਨੂੰ ਬੀਤੇ 174 ਸਾਲਾਂ 'ਚ ਸਭ ਤੋਂ ਖ਼ਤਰਨਾਕ ਤੂਫ਼ਾਨ ਦੱਸਿਆ ਗਿਆ ਹੈ। ਸੰਯੁਕਤ ਰਾਸ਼ਟਰ (UN) ਨੇ ਵੀ ਇਸ ਤੂਫ਼ਾਨ ਨੂੰ ਸਦੀ ਦਾ ਸਭ ਤੋਂ ਤਾਕਤਵਰ ਤੂਫ਼ਾਨ ਕਰਾਰ ਦਿੱਤਾ ਹੈ। ਇਹ ਕੈਟੇਗਰੀ ਫ਼ਾਈਵ ਦਾ ਤੂਫ਼ਾਨ ਮੰਗਲਵਾਰ ਰਾਤ ਨੂੰ ਜਮੇਕਾ ਦੇ ਤੱਟ ਨਾਲ ਟਕਰਾਇਆ। ਟਕਰਾਉਣ ਸਮੇਂ ਹਵਾਵਾਂ ਦੀ ਰਫ਼ਤਾਰ ਲਗਭਗ 300 ਕਿਲੋਮੀਟਰ ਪ੍ਰਤੀ ਘੰਟਾ ਸੀ। ਤੂਫ਼ਾਨ ਮਲਿਸਾ ਕਾਰਨ ਜਮੇਕਾ 'ਚ ਭਾਰੀ ਬਾਰਿਸ਼ ਹੋਈ ਜਿਸ ਨਾਲ ਹੜ੍ਹਾਂ ਦੇ ਹਾਲਾਤ ਬਣ ਗਏ। ਤੇਜ਼ ਹਵਾਵਾਂ ਕਾਰਨ ਕਈ ਘਰਾਂ ਦੀਆਂ ਛੱਤਾਂ ਉੱਡ ਗਈਆਂ ਅਤੇ ਕਈ ਮਕਾਨਾਂ ਦੇ ਨਾਲ-ਨਾਲ ਸਕੂਲਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ।

ਜਮੇਕਾ ਤੋਂ ਪਹਿਲਾਂ ਇਹ ਤੂਫ਼ਾਨ ਹੈਤੀ ਅਤੇ ਡੋਮੀਨੀਕਨ ਰੀਪਬਲਿਕ 'ਚ ਵੀ ਤਬਾਹੀ ਮਚਾ ਚੁੱਕਾ ਹੈ। ਤੂਫ਼ਾਨ ਦੇ ਖ਼ਤਰੇ ਕਾਰਨ ਜਮੇਕਾ 'ਚ 28 ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਸ਼ਿਫ਼ਟ ਕੀਤਾ ਗਿਆ ਹੈ। ਇਹ ਤੂਫ਼ਾਨ ਕਿਊਬਾ ਪਹੁੰਚ ਕੇ

ਵੀ ਤਬਾਹੀ ਮਚਾ ਚੁੱਕਾ ਹੈ ਜਿੱਥੇ ਛੇ ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਕਿਊਬਾ ਵੱਲ ਵਧਦੇ ਹੋਏ ਇਸ ਤੂਫ਼ਾਨ ਦੀ ਰਫ਼ਤਾਰ ਘੱਟ ਕੇ 215 ਕਿਲੋਮੀਟਰ ਪ੍ਰਤੀ ਘੰਟਾ ਤਕ ਆ ਗਈ ਸੀ ਜਿਸ ਨਾਲ ਇਹ ਹੁਣ ਕੈਟੇਗਰੀ ਥ੍ਰੀ ਦਾ ਤੂਫ਼ਾਨ ਬਣ ਚੁੱਕਾ ਹੈ ਅਤੇ ਇਸ ਦੇ ਨਿਸ਼ਾਨੇ 'ਤੇ ਇਸ ਵੇਲੇ ਬਹਾਮਾਜ਼ ਹੈ।

ਮੌਸਮ ਵਿਗਿਆਨੀਆਂ ਅਨੁਸਾਰ ਤੂਫ਼ਾਨ ਮਲਿਸਾ ਜਿਸ ਸਮੁੰਦਰ ਉੱਪਰੋਂ ਲੰਘਿਆ ਉੱਥੋਂ ਦਾ ਪਾਣੀ ਜਲਵਾਯੂ ਪਰਿਵਰਤਨ ਕਾਰਨ ਲਗਭਗ 1.4 ਡਿਗਰੀ ਸੈਲਸੀਅਸ ਜ਼ਿਆਦਾ ਗਰਮ ਸੀ। ਇਹ ਗਰਮੀ ਮਨੁੱਖਾਂ ਦੁਆਰਾ ਫ਼ੈਲਾਏ ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਕਾਰਨ ਸੀ। ਗਰਮ ਸਮੁੰਦਰੀ ਪਾਣੀ ਜ਼ਿਆਦਾ ਨਮੀ ਖਿੱਚਦਾ ਹੈ ਜਿਸ ਕਾਰਨ ਮਲਿਸਾ ਵਰਗੇ ਤੂਫ਼ਾਨਾਂ 'ਚ ਹੁਣ ਪਹਿਲਾਂ ਨਾਲੋਂ 25 ਤੋਂ 50 ਫ਼ੀਸਦ ਜ਼ਿਆਦਾ ਬਾਰਿਸ਼ ਹੋ ਸਕਦੀ ਹੈ।

ਇਸ ਤੂਫ਼ਾਨ ਨੇ ਸ਼ਨੀਵਾਰ ਨੂੰ 120 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲਣਾ ਸ਼ੁਰੂ ਕੀਤਾ ਸੀ, ਅਤੇ ਸੋਮਵਾਰ ਰਾਤ ਤਕ ਉਸ ਦੀ ਰਫ਼ਤਾਰ 290 ਕਿਲੋਮੀਟਰ ਪ੍ਰਤੀ ਘੰਟਾ ਹੋ ਗਈ ਸੀ ਜਿਸ ਨਾਲ ਇਹ 24 ਘੰਟਿਆਂ ਦੇ ਅੰਦਰ ਕੈਟੇਗਰੀ ਪੰਜ ਦਾ ਤੂਫ਼ਾਨ ਬਣ ਗਿਆ। ਮਲਿਸਾ 2025 ਦੇ ਅਟਲੈਂਟਿਕ ਤੂਫ਼ਾਨ ਸੀਜ਼ਨ ਦਾ ਪੰਜਵਾਂ ਹਰੀਕੇਨ ਹੈ।

Security Cameras CCTV Live Monitoring 647-863-9232
100% Vegetarian Restaurant 10% Off 905-565-0036
Lunch Buffet $13 905-565-0036
Buy 1 2nd Free 905-565-0036

ਥਾਇਲੈਂਡ ਦੀ ਮਹਾਰਾਣੀ ਦਾ 93 ਸਾਲ ਦੀ ਉਮਰ 'ਚ ਦਿਹਾਂਤ

ਬੈਂਕੌਕ: ਥਾਇਲੈਂਡ ਦੀ ਮਹਾਰਾਣੀ ਸਿਰਿਕਿਤ ਕਿਤੀਆਕਾਰਾ ਦਾ ਦਿਹਾਂਤ ਹੋ ਗਿਆ। ਉਹ 93 ਸਾਲਾਂ ਦੀ ਸੀ। ਰਾਇਲ ਹਾਊਸਹੋਲਡ ਬਿਊਰੋ ਅਨੁਸਾਰ ਸਿਰਿਕਿਤ ਨੇ ਬੈਂਕੌਕ ਦੇ ਇੱਕ ਹਸਪਤਾਲ 'ਚ ਆਖਰੀ ਸਾਹ ਲਿਆ। ਉਹ 17 ਅਕਤੂਬਰ ਤੋਂ ਬਲੱਡ ਇਨਫ਼ੈਕਸ਼ਨ ਤੋਂ ਪੀੜਤ ਸੀ ਅਤੇ ਇਲਾਜ ਦੇ ਬਾਵਜੂਦ ਉਨ੍ਹਾਂ ਦੀ ਹਾਲਤ 'ਚ ਕੋਈ ਸੁਧਾਰ ਨਹੀਂ ਹੋ ਰਿਹਾ ਸੀ। ਉਹ ਪਿਛਲੇ ਕੁੱਝ ਸਾਲਾਂ ਤੋਂ ਬੀਮਾਰ ਸੀ ਅਤੇ ਜਨਤਕ ਜੀਵਨ ਤੋਂ ਦੂਰ ਰਹੀ। ਉਨ੍ਹਾਂ ਦੇ ਪਤੀ, ਰਾਜਾ ਭੂਮੀਬੋਲ ਅਦੁਲਿਆਦੇਜ ਦਾ ਅਕਤੂਬਰ 2016 'ਚ ਦਿਹਾਂਤ ਹੋ ਗਿਆ ਸੀ।ਉਨ੍ਹਾਂ ਪੇਂਡੂ ਗ਼ਰੀਬਾਂ ਦੀ ਮਦਦ ਕਰਨ, ਰਿਵਾਇਤੀ ਦਸਤਕਾਰੀ ਨੂੰ ਉਤਸ਼ਾਹਿਤ ਕਰਨ ਅਤੇ ਵਾਤਾਵਰਣ ਦੀ ਰੱਖਿਆ ਲਈ ਕਈ ਪ੍ਰੋਜੈਕਟ ਸ਼ੁਰੂ ਕੀਤੇ ਸਨ। ਉਨ੍ਹਾਂ ਦੇ 88ਵੇਂ ਜਨਮ ਦਿਨ 'ਤੇ ਉਨ੍ਹਾਂ ਦੇ

ਪੁੱਤਰ, ਰਾਜਾ ਮਹਾ ਵਜੀਰਾਲੋਂਗਕੋਰਨ ਅਤੇ ਹੋਰ ਸ਼ਾਹੀ ਮੈਂਬਰ ਹਸਪਤਾਲ 'ਚ ਉਨ੍ਹਾਂ ਨੂੰ ਮਿਲਣ ਆਏ ਸਨ। ਉਨ੍ਹਾਂ ਦਾ ਜਨਮ ਦਿਨ 12 ਅਗਸਤ ਨੂੰ ਦੇਸ਼ ਭਰ 'ਚ ਮਾਂ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਸਿਰਿਕਿਤ ਕਿਤੀਆਕਾਰਾ ਦਾ ਜਨਮ 12 ਅਗਸਤ 1932 ਨੂੰ ਬੈਂਕੌਕ ਦੇ ਇੱਕ ਅਮੀਰ ਕੁਲੀਨ ਪਰਿਵਾਰ 'ਚ ਹੋਇਆ ਸੀ। ਉਸ ਦੇ ਮਾਤਾ-ਪਿਤਾ ਦੋਵੇਂ ਥਾਇਲੈਂਡ ਦੇ ਮੌਜੂਦਾ ਚੱਕਰੀ ਰਾਜਵੰਸ਼ ਦੇ ਸਾਬਕਾ ਰਾਜਿਆਂ ਨਾਲ ਸਬੰਧਤ ਸਨ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਉਹ ਆਪਣੇ ਪਿਤਾ ਨਾਲ ਫ਼ਰਾਂਸ ਚਲੀ ਗਈ ਜਿੱਥੇ ਉਸ ਦੇ ਪਿਤਾ ਰਾਜਦੂਤ ਸਨ। ਉੱਥੇ ਹੀ 16 ਸਾਲ ਦੀ ਉਮਰ 'ਚ ਉਹ ਰਾਜਾ ਭੂਮੀਬੋਲ ਨੂੰ ਮਿਲੀ।

ਰਾਜਾ ਦੇ ਇੱਕ ਸੜਕ ਹਾਦਸੇ 'ਚ ਜ਼ਖ਼ਮੀ ਹੋਣ ਤੋਂ ਬਾਅਦ ਉਹ ਉਸ ਦੀ ਦੇਖਭਾਲ ਲਈ ਸਵਿਟਜ਼ਰਲੈਂਡ ਚਲੀ ਗਈ। ਉੱਥੇ ਦੋਵਾਂ 'ਚ ਪਿਆਰ ਹੋ ਗਿਆ। ਉਨ੍ਹਾਂ ਨੇ 1950 'ਚ ਵਿਆਹ ਕਰ ਲਿਆ। 1976 'ਚ ਉਸ ਨੇ ਸਪੋਰਟ ਫ਼ਾਊਂਡੇਸ਼ਨ ਦੀ ਸਥਾਪਨਾ ਕੀਤੀ ਜਿਸ ਨੇ ਗ਼ਰੀਬ ਪਰਿਵਾਰਾਂ ਨੂੰ ਰੇਸ਼ਮ ਬੁਣਾਈ, ਗਹਿਣੇ ਬਣਾਉਣ, ਪੇਂਟਿੰਗ ਅਤੇ ਮਿੱਟੀ ਦੇ ਭਾਂਡੇ ਵਰਗੀਆਂ ਰਿਵਾਇਤੀ ਕਲਾਵਾਂ 'ਚ ਸਿਖਲਾਈ ਦਿੱਤੀ। ਵਾਤਾਵਰਣ ਖੇਤਰ 'ਚ ਉਸਦੇ ਕੰਮ ਲਈ ਉਸ ਨੂੰ ਗ੍ਰੀਨ ਕੁਈਨ ਵਜੋਂ ਵੀ ਜਾਣਿਆ ਜਾਂਦਾ ਸੀ।

ਅਮਰੀਕਾ-ਚੀਨ ਦੀ ਵਪਾਰ ਜੰਗ ਖ਼ਤਮ

ਕੁਆਲਾਲੰਪੁਰ: ਦੁਨੀਆਂ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਅਮਰੀਕਾ ਅਤੇ ਚੀਨ ਨੇ ਆਪਣੇ ਵਪਾਰਕ ਸਬੰਧਾਂ 'ਚ ਤਨਾਅ ਘਟਾਉਣ ਲਈ ਇੱਕ ਮਹੱਤਵਪੂਰਣ ਕਦਮ ਚੁੱਕਿਆ ਹੈ। ਦੋਹਾਂ ਦੇਸ਼ਾਂ ਦੇ ਚੋਟੀ ਦੇ ਆਰਥਿਕ ਅਧਿਕਾਰੀਆਂ ਨੇ ਐਤਵਾਰ ਨੂੰ ਵਪਾਰ ਸਮਝੌਤੇ ਦੇ ਇੱਕ ਢਾਂਚੇ (Framework) 'ਤੇ ਸਹਿਮਤੀ ਪ੍ਰਗਟਾਈ। ਇਹ ਸਹਿਮਤੀ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਆਉਣ ਵਾਲੇ ਦਿਨਾਂ 'ਚ ਹੋਣ ਵਾਲੀ ਮੁਲਾਕਾਤ ਤੋਂ ਪਹਿਲਾਂ ਹੋਈ ਹੈ।

ਮਲੇਸ਼ੀਆ 'ਚ ਹੋਈ ਪੰਜਵੀਂ ਗੇੜ ਦੀ ਗੱਲਬਾਤ: ਇਹ ਮੀਟਿੰਗ ਕੁਆਲਾਲੰਪੁਰ 'ਚ ਆਸੀਆਨ (ASEAN) ਸੰਮੇਲਨ ਦੇ ਨਾਲ-ਨਾਲ ਹੋਈ। ਅਮਰੀਕੀ ਖ਼ਜ਼ਾਨਾ

ਸਕੱਤਰ ਸਕਾਟ ਬੇਸੈਂਟ ਅਤੇ ਵਪਾਰ ਪ੍ਰਤੀਨਿਧੀ ਜੇਮਿਸਨ ਗ੍ਰੀਰ ਨੇ ਚੀਨੀ ਉਪ ਪ੍ਰਧਾਨ ਮੰਤਰੀ ਹੇ ਲਿਫ਼ੇਂਗ ਅਤੇ ਚੋਟੀ ਦੇ ਵਪਾਰ ਵਾਰਤਾਕਾਰ ਲੀ ਚੇਂਗਾਂਗ ਨਾਲ ਗੱਲਬਾਤ ਕੀਤੀ। ਇਹ ਮਈ ਤੋਂ ਬਾਅਦ ਆਹਮੋ-ਸਾਹਮਣੇ ਗੱਲਬਾਤ ਦਾ ਪੰਜਵਾਂ ਦੌਰ ਸੀ।

30 ਅਕਤੂਬਰ ਨੂੰ ਮਿਲਣਗੇ ਟਰੰਪ-ਸ਼ੀ: ਰਾਸ਼ਟਰਪਤੀ ਟਰੰਪ ਐਤਵਾਰ ਨੂੰ ਮਲੇਸ਼ੀਆ ਪਹੁੰਚੇ ਅਤੇ ਉਨ੍ਹਾਂ ਦੇ ਏਸ਼ੀਆ ਦੌਰੇ ਦਾ ਅੰਤ 30 ਅਕਤੂਬਰ ਨੂੰ ਦੱਖਣੀ ਕੋਰੀਆ 'ਚ ਸ਼ੀ ਜਿਨਪਿੰਗ ਨਾਲ ਆਹਮੋ-ਸਾਹਮਣੇ ਮੁਲਾਕਾਤ ਨਾਲ ਹੋਣ ਦੀ ਉਮੀਦ ਹੈ। ਟਰੰਪ ਨੇ ਗੱਲਬਾਤ ਤੋਂ ਬਾਅਦ ਸਕਾਰਾਤਮਕ ਰੁਖ਼ ਅਪਨਾਉਂਦੇ ਹੋਏ ਕਿਹਾ: "ਮੈਨੂੰ ਲੱਗਦਾ ਹੈ ਕਿ ਸਾਡਾ ਚੀਨ ਨਾਲ ਸਮਝੌਤਾ ਹੋਣ ਜਾ ਰਿਹਾ ਹੈ।" ਜਦੋਂ ਕਿ ਵ ਾਈਟ ਹਾਊਸ ਨੇ ਇਸ ਉੱਚ-ਉਮੀਦ ਵਾਲੀ ਟਰੰਪ-ਸ਼ੀ ਗੱਲਬਾਤ ਦਾ ਅਧਿਕਾਰਿਕ ਤੌਰ 'ਤੇ ਐਲਾਨ ਕੀਤਾ ਹੈ, ਬੀਜਿੰਗ ਨੇ ਅਜੇ ਦੋਵਾਂ ਨੇਤਾਵਾਂ ਦੀ ਮੁਲਾਕਾਤ ਦੀ ਪੁਸ਼ਟੀ ਨਹੀਂ ਕੀਤੀ। ਟਰੰਪ ਨੇ ਸੰਕੇਤ ਦਿੱਤਾ ਕਿ ਉਹ ਭਵਿੱਖ 'ਚ ਚੀਨ ਅਤੇ ਅਮਰੀਕਾ (ਵਾਸ਼ਿੰਗਟਨ ਜਾਂ ਮਾਰ-ਏ-ਲਾਗੋ) 'ਚ ਵੀ ਸ਼ੀ ਨੂੰ ਮਿਲਣ ਲਈ ਸਹਿਮਤ ਹੋਏ ਹਨ।

ਕੀ ਟਲ ਜਾਣਗੇ 100 ਫ਼ੀਸਦੀ ਟੈਰਿਫ਼ਸ ? ਇਹ ਦੋਵੇਂ ਧਿਰਾਂ ਵਪਾਰ ਜੰਗ ਨੂੰ ਹੋਰ ਵਧਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਅਮਰੀਕੀ ਅਧਿਕਾਰੀਆਂ ਨੇ ਉਮੀਦ ਜਤਾਈ ਹੈ ਕਿ ਇਸ ਸਮਝੌਤੇ ਦੇ ਖਾਕੇ ਨਾਲ ਚੀਨ ਵਲੋਂ ਦੁਰਲੱਭ ਧਰਤੀ ਦੇ ਖਣਿਜਾਂ (Rare Earth Minerals) 'ਤੇ ਵਧਾਏ ਗਏ ਨਿਰਯਾਤ ਨਿਯੰਤਰਣ ਨੂੰ ਟਾਲਿਆ ਜਾਵੇਗਾ। ਇਸ ਤੋਂ ਇਲਾਵਾ, ਇਸ ਗੱਲਬਾਤ ਨਾਲ ਟਰੰਪ ਦੁਆਰਾ ਧਮਕਾਏ ਗਏ ਚੀਨੀ ਵਸਤਾਂ 'ਤੇ ਨਵੇਂ 100 ਫ਼ੀਸਦੀ ਅਮਰੀਕੀ ਟੈਰਿਫ਼ਾਂ ਨੂੰ ਵੀ ਟਾਲਿਆ ਜਾ ਸਕਦਾ ਹੈ। ਇਹ ਨਵੇਂ ਟੈਰਿਫ਼ਸ 1 ਨਵੰਬਰ ਤੋਂ ਲਾਗੂ ਹੋਣੇ ਸਨ।

ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ ਦੀਆਂ ਲੱਖ-ਲੱਖ ਵਧਾਈਆਂ
38 Years Old & Still Great Savings
FLEA MARKET
Dr Flea's FLEA MARKET
established since 1987
Over 400 Vendors
Free $4 flea Dollars
Visit 404 steelesfleamarket.com
Great Selection
Large Indoor
Farmers Market
Low Prices
Something For Everyone
SATURDAY & SUNDAY
10 AM - 5 PM
Hwy 27 & Albion Road, 416-745-FLEA (3532)

Loans Loans Loans
• Personal or Business Loan
• Home Equity Line of Credit
• Personal Line of Credit
• ਪੜ੍ਹਾਈ ਲਈ OSAP Loan
• Bad Credit ਠੀਕ ਕਰਾਉਣ
ਬਾਰੇ ਮੁਫ਼ਤ ਸਲਾਹ ਲਈ ਫ਼ੋਨ ਕਰੋ
Call SunnyB
905-965-4644

Security Cameras
R & S COMPUTERS
CANADIAN SECURITY PROFESSIONALS AUTHORIZED DEALER
ਰਿਪੇਅਰ, ਸੇਲਜ਼ ਜਾਂ ਸੈਕਿਓਰਿਟੀ ਕੈਮਰੇ ਲਗਾਉਣ ਲਈ ਸੰਪਰਕ ਕਰੋ।
ਸੰਦੀਪ ਵਰਮਾ
Office: 905-457-9232 (ext.0)
Cell: 647-863-9232
ਕੈਮਰਾ, ਅਲਾਰਮ ਸਿਸਟਮ, CCTV
info@rnscomputers.ca
www.RnScomputers.ca
519 Raylawson Blvd. Unit # 7 Brampton, ON L6Y ON2